# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**19:30**

**ਮਿਤੀ :12-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ।***

- ਸੰਸਦ ਦੀਆਂ ਦੋਵਾਂ ਸਭਾਵਾਂ ਨੇ ਅੱਜ ਵਿਦੇਸ਼ੀ ਯੋਗਦਾਨ (ਨੇਮ) ਸੋਧ ਬਿੱਲ, 2026 ਨੂੰ ਹੋਰ ਜਾਂਚ ਲਈ ਸਾਂਝੀ ਸੰਸਦੀ ਕਮੇਟੀ ਨੂੰ ਭੇਜਣ ਲਈ ਆਪਣੀ ਪ੍ਰਵਾਨਗੀ ਦੇ ਦਿੱਤੀ ਏ। ਸੰਸਦ ਵਲੋਂ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਸੋਧ) ਬਿੱਲ, 2026 ਵੀ ਪਾਸ. ਲੋਕ ਸਭਾ ਵਲੋਂ ਖਾਣਾਂ ਅਤੇ ਖਣਿਜ (ਵਿਕਾਸ ਅਤੇ ਨੇਮ੍ਬ੍ਧੀ) ਸੋਧ ਬਿੱਲ, 2026 ਨੂੰ ਮੰਜ਼ੂਰੀ ਮਿਲੀ.

- ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ, ਡਾ. ਐਲ. ਮੁਰੂਗਨ ਨੇ ਕਿਹਾ ਏ ਕਿ ਜਾਅਲੀ ਖ਼ਬਰਾਂ ਦਾ ਮੁਕਾਬਲਾ ਕਰਨ ਲਈ ਪ੍ਰੈਸ ਸੂਚਨਾ ਬਿਊਰੋ ਦੀ ਤੱਥ ਜਾਂਚ ਇਕਾਈ ਕਾਇਮ ਕੀਤੀ ਗਈ ਏ।

- ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਏ ਕਿ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਪੱਤਰ ਲਿਖ ਕੇ NEET ਪ੍ਰੀਖਿਆ ਪੇਪਰ ਲੀਕ ਨੂੰ ਲੈ ਕੇ ਹੋਏ ਵਿਰੋਧ ਮੁਜ਼ਾਹਰਿਆਂ ਦੌਰਾਨ ਵਾਪਰੀਆਂ ਵੱਖ-ਵੱਖ ਘਟਨਾਵਾਂ 'ਤੇ ਵਿਸਥਾਰਪੂਰਨ ਚਰਚਾ ਲਈ ਤਿਆਰ ਹੋਣ ਨੂੰ ਦੁਹਰਾਇਆ ਏ ।

- ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (CBSE) ਨੇ ਅੱਜ 12ਵੀਂ ਜਮਾਤ ਦੀ ਪੂਰਕ ਪ੍ਰੀਖਿਆ 2026 ਦੇ ਨਤੀਜੇ ਐਲਾਨ ਦਿੱਤੇ ਨੇ।

- ਭਾਰਤੀ ਤਲਵਾਰਬਾਜ਼ੀ ਟੀਮ ਨੇ ਅੱਜ ਰਾਸ਼ਟਰਮੰਡਲ ਚੈਂਪੀਅਨਸ਼ਿਪ ਦੇ ਤੀਜੇ ਦਿਨ ਵੱਖ-ਵੱਖ ਸੀਨੀਅਰ ਵਿਅਕਤੀਗਤ ਮੁਕਾਬਲਿਆਂ ਵਿੱਚ ਸੋਨੇ ਦੇ ਤਿੰਨ , ਚਾਂਦੀ ਅਤੇ ਕਾਂਸੀ ਦਾ ਇਕ - ਇਕ ਤਮਗਾ ਜਿੱਤਿਆ ਏ ।

***ਹੁਣ ਖਬਰਾਂ ਵਿਸਥਾਰ ਨਾਲ ।***

ਸੰਸਦ ਦੀਆਂ ਦੋਵਾਂ ਸਭਾਵਾਂ ਨੇ ਅੱਜ ਵਿਦੇਸ਼ੀ ਯੋਗਦਾਨ (ਨੇਮ) ਸੋਧ ਬਿੱਲ, 2026 ਨੂੰ ਹੋਰ ਜਾਂਚ ਲਈ ਸਾਂਝੀ ਸੰਸਦੀ ਕਮੇਟੀ ਨੂੰ ਭੇਜਣ ਲਈ ਆਪਣੀ ਪ੍ਰਵਾਨਗੀ ਦੇ ਦਿੱਤੀ ਏ । ਇਸ ਬਿੱਲ ਦਾ ਉਦੇਸ਼ ਵਿਦੇਸ਼ੀ

ਯੋਗਦਾਨ (ਨੇਮ) ਕਾਨੂੰਨ, 2010 ਵਿੱਚ ਹੋਰ ਸੋਧ ਕਰਨਾ ਏ। ਬਿੱਲ ਦਾ ਉਦੇਸ਼ ਵਿਦੇਸ਼ੀ ਯੋਗਦਾਨਾਂ ਦੀ ਵਰਤੋਂ ਨੂੰ ਵਧੇਰੇ ਪਾਰਦਰਸ਼ੀ ਅਤੇ ਜਵਾਬਦੇਹ ਬਣਾਉਣਾ ਏ।

---------------------------------------------------------------

ਸੰਸਦ ਨੇ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਸੋਧ) ਬਿੱਲ, 2026 ਨੂੰ ਪਾਸ ਕਰ ਦਿੱਤਾ ਏ। ਰਾਜ ਸਭਾ ਨੇ ਅੱਜ ਇਸਨੂੰ ਮਨਜ਼ੂਰੀ ਦੇ ਦਿੱਤੀ। ਲੋਕ ਸਭਾ ਪਹਿਲਾਂ ਹੀ ਇਸ ਬਿੱਲ ਨੂੰ ਪਾਸ ਕਰ ਚੁੱਕੀ ਏ। ਇਹ ਬਿੱਲ ਰਾਜ ਸਰਕਾਰਾਂ ਨੂੰ ਸਹਿਕਾਰੀ ਵਿਕਾਸ ਵਿੱਚ ਲੱਗੀ ਕਿਸੇ ਵੀ ਸੰਸਥਾ ਨੂੰ ਨਿਗਮ ਤੋਂ ਫੰਡ ਪ੍ਰਦਾਨ ਕਰਨ ਦੀ ਆਗਿਆ ਵੀ ਦਿੰਦਾ ਏ। ਨਿਗਮ ਸਹਿਕਾਰੀ ਵਿਕਾਸ ਵਿੱਚ ਲਾਗੀ ਕਿਸੇ ਵੀ ਸਹਿਕਾਰੀ ਸੋਸਾਇਟੀ ਜਾਂ ਸੰਸਥਾ ਨੂੰ ਸਿੱਧੇ ਕਰਜ਼ੇ ਅਤੇ ਗ੍ਰਾਂਟਾਂ ਵੀ ਪ੍ਰਦਾਨ ਕਰ ਸਕਦਾ ਏ। ਸਹਿਕਾਰਿਤਾ ਰਾਜ ਮੰਤਰੀ ਸ਼੍ਰੀ ਮੁਰਲੀਧਰ ਮੋਹੋਲ ਨੇ ਕਿਹਾ ਕਿ ਇਹ ਬਿੱਲ ਦੇਸ਼ ਭਰ ਦੇ ਕਰੋੜਾਂ ਕਿਸਾਨਾਂ ਦੀ ਭਲਾਈ ਅਤੇ ਆਰਥਿਕ ਸ਼ਕਤੀਕਰਨ ਨੂੰ ਮਜ਼ਬੂਤ ਕਰੇਗਾ। ਉਨ੍ਹਾਂ ਕਿਹਾ ਕਿ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (NCDC) ਦੀ ਸਥਾਪਨਾ ਦੇਸ਼ ਵਿੱਚ ਸਹਿਕਾਰੀ ਖੇਤਰ ਦੇ ਸੰਗਠਿਤ ਅਤੇ ਨਿਰੰਤਰ ਰਹਿਣ ਯੋਗ ਵਿਕਾਸ ਲਈ ਮਾਲੀ ਸਹਾਇਤਾ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ।

-------------------------------------------------------------

ਲੋਕ ਸਭਾ ਨੇ ਖਾਣਾਂ ਅਤੇ ਖਣਿਜ (ਵਿਕਾਸ ਅਤੇ ਨੇਮ੍ਬ੍ਧੀ) ਸੋਧ ਬਿੱਲ, 2026 ਨੂੰ ਪਾਸ ਕਰ ਦਿੱਤਾ ਏ । ਜਦੋਂ ਸਭਾ ਦੂਜੀ ਵਾਰ ਮੁਲਤਵੀ ਹੋਣ ਤੋਂ ਬਾਅਦ ਦੁਪਹਿਰ ਬਾਅਦ 3 ਵਜੇ ਦੁਬਾਰਾ ਜੁੜੀ, ਤਾਂ ਕੇਂਦਰੀ ਕੋਲਾ ਅਤੇ ਖਾਣ ਮੰਤਰੀ ਜੀ ਕਿਸ਼ਨ ਰੈੱਡੀ ਨੇ ਖਾਣਾ ਅਤੇ ਖਣਿਜ (ਵਿਕਾਸ ਅਤੇ ਨੇਮ੍ਬ੍ਧੀ) ਕਾਨੂੰਨ 1975 ਵਿੱਚ ਹੋਰ ਸੋਧ ਕਰਨ ਲਈ ਇੱਕ ਬਿੱਲ ਪੇਸ਼ ਕੀਤਾ। ਇਸ ਬਿਲ ਦਾ ਉਦੇਸ਼ ਭਾਰਤ ਦੇ ਖਣਨ ਖੇਤਰ ਨੂੰ ਵਧੇਰੇ ਕੁਸ਼ਲ, ਪੂੰਜੀਕਾਰੀ ਪ੍ਰਤੀ ਸੁਖਾਵਾਂ ਅਤੇ ਦੇਸ਼ ਵਿੱਚ ਅਹਿਮ ਖਣਿਜਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਵਧੇਰੇ ਕੁਸ਼ਲ, ਬਣਾਉਣਾ ਏ. ਵਿਰੋਧੀ ਧਿਰ ਦੇ ਹੰਗਾਮੇ ਦੌਰਾਨ ਬਿੱਲ ਬਿਨਾਂ ਕਿਸੇ ਚਰਚਾ ਦੇ ਪਾਸ ਕਰ ਦਿੱਤਾ ਗਿਆ। ਬਿੱਲ ਪਾਸ ਹੋਣ ਤੋਂ ਬਾਅਦ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ।

-------------------------------------------------------------

ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ, ਡਾ. ਐਲ. ਮੁਰੂਗਨ ਨੇ ਅੱਜ ਕਿਹਾ ਏ ਕਿ ਸਰਕਾਰ ਨੇ ਜਾਅਲੀ ਖ਼ਬਰਾਂ ਦਾ ਮੁਕਾਬਲਾ ਕਰਨ ਲਈ ਪ੍ਰੈਸ ਸੂਚਨਾ ਬਿਊਰੋ (ਪੀ ਆਈ ਬੀ) ਵਿੱਚ ਇੱਕ ਤੱਥ ਜਾਂਚ ਇਕਾਈ ਸਥਾਪਤ ਕੀਤੀ ਏ । ਲੋਕ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ, ਡਾ. ਮੁਰੂਗਨ ਨੇ ਕਿਹਾ ਕਿ ਤੱਥ ਜਾਂਚ ਇਕਾਈ, ਸਰਕਾਰੀ ਮੰਤਰਾਲਿਆਂ,

ਵਿਭਾਗਾਂ, ਜਨਤਕ ਖੇਤਰ ਦੇ ਅਦਾਰਿਆਂ ਅਤੇ ਹੋਰ ਕੇਂਦਰੀ ਸਰਕਾਰੀ ਸੰਗਠਨਾਂ ਨਾਲ ਸਬੰਧਤ ਦਾਅਵਿਆਂ ਦੀ ਪੁਸ਼ਟੀ ਇੱਕ ਸੁਚੱਜੇ ਢੰਗ ਨਾਲ ਸੰਗਠਿਤ ਤੱਥ-ਜਾਂਚ ਪ੍ਰਕਿਰਿਆ ਰਾਹੀਂ ਕਰਦੀ ਏ । ਇਹ ਵੱਖ-ਵੱਖ ਪਲੇਟਫਾਰਮਾਂ ਰਾਹੀਂ ਪ੍ਰਮਾਣਿਤ ਜਾਣਕਾਰੀ ਪ੍ਰਸਾਰਿਤ ਕਰਦੀ ਏ । ਰਾਜ ਮੰਤਰੀ ਨੇ ਕਿਹਾ ਕਿ ਪੀਆਈਬੀ ਦੀ ਤੱਥ ਜਾਂਚ ਇਕਾਈ ਵਲੋਂ ਪ੍ਰਮਾਣਿਤ ਸਮੱਗਰੀ ਨਿਯਮਿਤ ਤੌਰ 'ਤੇ ਦੂਰਦਰਸ਼ਨ ਅਤੇ ਆਕਾਸ਼ਵਾਣੀ ਦੇ ਖਬਰਾਂ ਦੇ ਬੁਲੇਟਿਨਾਂ, ਪ੍ਰੋਗਰਾਮਾਂ ਅਤੇ ਡਿਜੀਟਲ ਪਲੇਟਫਾਰਮਾਂ ਵਿੱਚ ਪ੍ਰਸਾਰਿਤ ਕੀਤੀ ਜਾਂਦੀ ਏ ਤਾਂ ਜੋ ਗਲਤ ਜਾਣਕਾਰੀ ਅਤੇ ਜਾਅਲੀ ਖ਼ਬਰਾਂ ਦਾ ਮੁਕਾਬਲਾ ਕੀਤਾ ਜਾ ਸਕੇ।

-----------------------------------------------------------

ਸਰਕਾਰ ਨੇ ਅੱਜ ਕਿਹਾ ਏ ਕਿ ਮੌਸਮ ਵਿਭਾਗ (IMD) ਨੇ 18 ਤੋਂ 20 ਜੁਲਾਈ ਤੱਕ ਹੋਣ ਵਾਲੇ ਭਾਰੀ ਮੀਂਹ ਤੋਂ ਪਹਿਲਾਂ ਅਤੇ ਇਸ ਦੌਰਾਨ ਉੱਪਰੀ ਅਸਾਮ ਦੇ ਸਾਰੇ ਜ਼ਿਲ੍ਹਿਆਂ ਲਈ ਜ਼ਿਲ੍ਹਾ ਪੱਧਰੀ ਬਾਰਿਸ਼ ਦੀ ਪੇਸ਼ੀਨਗੋਈ ਅਤੇ ਚਿਤਾਵਨੀਆਂ ਜਾਰੀ ਕੀਤੀਆਂ ਨੇ. ਲੋਕ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ, ਧਰਤੀ ਵਿਗਿਆਨ ਮੰਤਰੀ ਡਾ. ਜਿਤੇਂਦਰ ਸਿੰਘ ਨੇ ਕਿਹਾ ਕਿ IMD ਨੇ ਰਾਜ ਲਈ ਆਪਣੇ ਅਗਾਹੂੰ ਅਨੁਮਾਨਾਂ ਵਿੱਚ ਸੱਤ ਦਿਨ ਪਹਿਲਾਂ ਹੀ ਭਾਰੀ ਮੀਂਹ ਦੀ ਪੇਸ਼ੀਨਗੋਈ ਕੀਤੀ ਸੀ, ਅਤੇ ਅਗਲੇ ਸੱਤ ਦਿਨਾਂ ਲਈ ਰੋਜ਼ਾਨਾ ਚੇਤਾਵਨੀਆਂ ਜਾਰੀ ਕੀਤੀਆਂ ਸਨ.

IMD ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਮਿਆਰੀ ਬਾਰਿਸ਼ ਵਰਗੀਕਰਨ ਦੀ ਪਾਲਣਾ ਕੀਤੀ ਗਈ। ਕੇਂਦਰੀ ਮੰਤਰੀ ਨੇ ਕਿਹਾ ਕਿ IMD ਨਿਯਮਿਤ ਤੌਰ 'ਤੇ ਅਸਾਮ ਦੇ ਸਾਰੇ ਖੇਤਰਾਂ ਲਈ ਆਪਣੇ ਮੀਂਹ ਦੀ ਪੇਸ਼ੀਨਗੋਈ ਅਤੇ ਚੇਤਾਵਨੀਆਂ ਦੀ ਕਾਰਗੁਜ਼ਾਰੀ, ਸਟੀਕਤਾ  ਅਤੇ ਸਮੇਂ ਸਿਰ ਮੁਲੰਕਣ ਕਰਦਾ ਏ.

---------------------------------------------------------------

ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਏ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਪੱਤਰ ਲਿਖ ਕੇ NEET ਪ੍ਰੀਖਿਆ ਪੇਪਰ ਲੀਕ ਨੂੰ ਲੈ ਕੇ ਹੋਏ ਵਿਰੋਧ ਮੁਜ਼ਾਹਰਿਆਂ ਦੌਰਾਨ ਵਾਪਰੀਆਂ ਵੱਖ-ਵੱਖ ਘਟਨਾਵਾਂ 'ਤੇ ਵਿਸਥਾਰਪੂਰਨ ਚਰਚਾ ਲਈ ਤਿਆਰ ਹੋਣ ਨੂੰ  ਦੁਹਰਾਇਆ  । ਸੰਸਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੀ ਰਿਜਿਜੂ ਨੇ ਕਿਹਾ ਕਿ ਸਰਕਾਰ ਖੁਦ ਕਹਿ ਰਹੀ ਏ ਕਿ ਉਹ ਚਰਚਾ ਲਈ ਤਿਆਰ ਏ, ਪਰ ਵਿਰੋਧੀ ਧਿਰ ਜਵਾਬ ਸੁਣਨ ਤੋਂ ਝਿਜਕ ਰਹੀ ਏ ਅਤੇ ਬਹਿਸ ਤੋਂ ਬਚ ਰਹੀ ਏ। ਸ਼੍ਰੀ ਰਿਜਿਜੂ ਨੇ ਸੰਸਦ ਦੇ ਕੰਮਕਾਜ ਵਿੱਚ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵੱਲੋਂ ਕੀਤੇ ਜਾ ਰਹੇ ਵਿਘਨ 'ਤੇ ਆਪਣੀ ਡੂੰਘੀ ਨਾਰਾਜ਼ਗੀ ਪ੍ਰਗਟ ਕੀਤੀ।

BYTE

--------------------------------------------------------------

ਕੇਂਦਰੀ ਵਪਾਰ ਤੇ ਸਨਅਤ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ ਇੰਡੀਆ ਟ੍ਰੇਡ ਫੈਸਟੀਵਲ ਦਾ ਉਦੇਸ਼ ਪੁਲਾੜ ਤਕਨਾਲੋਜੀ ਅਤੇ ਰੱਖਿਆ ਸਮੇਤ ਵੱਖ-ਵੱਖ ਖੇਤਰਾਂ ਵਿੱਚ ਭਾਰਤ ਦੀਆਂ ਵਧਦੀਆਂ ਸਮਰੱਥਾਵਾਂ ਦਾ ਵਿਖਾਲਾ ਕਰਨਾ ਏ, ਜਿਸ ਨਾਲ ਦੇਸ਼ ਦੀ ਸਵੈ-ਨਿਰਭਰ ਭਾਰਤ ਵੱਲ ਤਰੱਕੀ ਨੂੰ ਤੇਜ਼ ਕੀਤਾ ਜਾ ਸਕੇ। ਸ਼੍ਰੀ ਗੋਇਲ ਨੇ ਇਹ ਗੱਲ ਨਵੀਂ ਦਿੱਲੀ ਵਿੱਚ ਇੰਡੀਆ ਟ੍ਰੇਡ ਫੈਸਟੀਵਲ 2026 ਦੇ ਉਦਘਾਟਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਕਹੀ।  ਇਸ ਮੌਕੇ 'ਤੇ ਵਪਾਰ ਤੇ ਸਨਅਤ ਰਾਜ ਮੰਤਰੀ ਜਿਤਿਨ ਪ੍ਰਸਾਦ ਨੇ ਕਿਹਾ ਕਿ ਤਕਨਾਲੋਜੀ ਅਤੇ ਵਪਾਰ ਭਾਰਤ ਦੀ ਵਿਕਾਸ ਯਾਤਰਾ ਦੇ ਦੋ ਮੁੱਖ ਥੰਮ੍ਹ ਨੇ | ਪਿਯੂਸ਼ ਗੋਇਲ ਨੇ ਕਿਹਾ ਕਿ 9 ਮੁਕਤ ਵਪਾਰ ਸਮਝੌਤਿਆਂ ਨਾਲ ਭਾਰਤੀ ਉਦਯੋਗਾਂ ਤੇ ਕਾਰੋਬਾਰਾਂ ਲਈ  ਬਾਜ਼ਾਰ ਖੋਲ੍ਹੇ ਗਏ ਨੇ |

BYTE

--------------------------------------------------------------

ਸਰਕਾਰ ਨੇ ਸੋਸ਼ਲ ਮੀਡੀਆ 'ਤੇ ਚਲ ਰਹੇ ਉਸ ਪੱਤਰ ਦਾ ਖੰਡਨ ਕੀਤਾ ਏ ਜਿਸ ਵਿੱਚ ਦਾਅਵਾ ਕੀਤਾ ਗਿਆ ਏ ਕਿ ਪ੍ਰਧਾਨ ਮੰਤਰੀ ਮੁਦਰਾ ਯੋਜਨਾ ਤਹਿਤ ਮਾਮੂਲੀ ਰਕਮ 'ਤੇ ਸਿੱਧੇ ਕਰਜ਼ੇ ਦਿੱਤੇ ਜਾ ਰਹੇ ਨੇ. ਪ੍ਰੈਸ ਸੂਚਨਾ ਬਿਊਰੋ (ਪੀ.ਆਈ.ਬੀ) ਦੀ ਤੱਥ-ਜਾਂਚ ਇਕਾਈ ਨੇ

ਕਿਹੈ ਕਿ ਇਹ ਪੱਤਰ ਜਾਅਲੀ ਏ। ਇਕਾਈ ਨੇ ਅੱਗੇ ਕਿਹਾ ਕਿ ਮੁਦਰਾ ਯੋਜਨਾ ਵਿਅਕਤੀਆਂ ਜਾਂ ਸੂਖਮ-ਉਦਮੀਆਂ ਨੂੰ ਸਿੱਧੇ ਕਰਜ਼ੇ ਪ੍ਰਦਾਨ ਨਹੀਂ ਕਰਦੀ ਏ। ਪੀਆਈਬੀ ਨੇ ਨਾਗਰਿਕਾਂ ਨੂੰ ਪ੍ਰਮਾਣਿਕ ਜਾਣਕਾਰੀ ਲਈ ਅਧਿਕਾਰਿਤ ਹਲਕਿਆਂ 'ਤੇ ਭਰੋਸਾ ਕਰਨ ਦੀ ਅਪੀਲ ਕੀਤੀ।

---------------------------------------------------------------

ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (CBSE) ਨੇ ਅੱਜ 12ਵੀਂ ਜਮਾਤ ਦੀ ਪੂਰਕ ਪ੍ਰੀਖਿਆ 2026 ਦੇ ਨਤੀਜੇ ਐਲਾਨ ਦਿੱਤੇ ਨੇ। ਵਿਦਿਆਰਥੀ DigiLocker RESULT ਪੋਰਟਲ results.digilocker.gov.in 'ਤੇ ਆਪਣੇ ਨਤੀਜੇ ਦੇਖ ਸਕਦੇ ਨੇ।

---------------------------------------------------------------

ਆਯੁਸ਼ ਮੰਤਰੀ ਪ੍ਰਤਾਪਰਾਓ ਜਾਧਵ ਨੇ ਕਿਹਾ ਏ ਕਿ ਇੱਕ ਜੜੀ ਬੂਟੀ-ਇੱਕ ਮਿਆਰੀ ਪਹਿਲ ਦਾ ਉਦੇਸ਼ ਰਵਾਇਤੀ ਦਵਾਈਆਂ ਦੀ ਗੁਣਵੱਤਾ ਅਤੇ ਭਰੋਸੇਯੋਗਤਾ ਨੂੰ ਮਜ਼ਬੂਤ ਕਰਨਾ ਏ। ਉਹ ਅੱਜ ਇੱਕ ਜੜੀ ਬੂਟੀ, ਇੱਕ ਮਿਆਰੀ ਪਹਿਲ ਦੇ ਲਾਗੂਕਰਨ ਨਾਲ ਸੰਬੰਧਿਤ ਸਮਝੌਤੇ ਦੇ ਨਵੀਨੀਕਰਨ ਮੌਕੇ ਬੋਲ ਰਹੇ ਸਨ। ਸ਼੍ਰੀ ਜਾਧਵ ਨੇ ਕਿਹਾ ਕਿ ਇਹ ਪਹਿਲ ਭਾਰਤ ਦੀ ਅਮੀਰ ਜੈਵ- ਭਿੰਨਤਾ ਅਤੇ ਰਵਾਇਤੀ ਦਵਾਈਆਂ ਦੇ ਵਿਰਸੇ ਦੀ ਰੱਖਿਆ ਵਿੱਚ ਯੋਗਦਾਨ ਪਾਵੇਗੀ।

---

ਭਾਰਤੀ ਤਲਵਾਰਬਾਜ਼ੀ ਟੀਮ ਨੇ ਅੱਜ ਨਾਈਜੀਰੀਆ ਦੇ ਲਾਗੋਸ ਵਿਖੇ ਰਾਸ਼ਟਰਮੰਡਲ ਚੈਂਪੀਅਨਸ਼ਿਪ ਦੇ ਤੀਜੇ ਦਿਨ ਵੱਖ-ਵੱਖ ਸੀਨੀਅਰ ਵਿਅਕਤੀਗਤ ਮੁਕਾਬਲਿਆਂ ਵਿੱਚ ਸੋਨੇ ਦੇ ਤਿੰਨ , ਚਾਂਦੀ ਤੇ ਕਾਂਸੀ ਦਾ ਇਕ - ਇਕ ਤਮਗਾ ਜਿੱਤਿਆ। ਭਾਰਤੀ ਟੀਮ ਦੇ ਤੀਜੇ ਦਿਨ ਦੇ ਸ਼ਾਨਦਾਰ ਕਾਰਗੁਜ਼ਾਰੀ ਨਾਲ ਦੇਸ਼ ਦੇ ਕੁੱਲ ਤਮਗਿਆਂ ਦੀ ਗਿਣਤੀ 29 ਹੋ ਗਈ ਏ | ਜਿਸ ਵਿੱਚ ਸੋਨੇ ਦੇ 8 , ਚਾਂਦੀ ਦੇ 7 ਅਤੇ ਕਾਂਸੀ ਦੇ 14 ਤਮਗੇ ਸ਼ਾਮਲ ਨੇ । ਭਾਰਤ ਨੇ ਸੀਨੀਅਰ ਔਰਤਾਂ ਦੀ ਫੋਇਲ ਸ਼੍ਰੇਣੀ ਵਿੱਚ ਸੋਨੇ ਤੇ ਚਾਂਦੀ ਦੇ ਤਮਗੇ ਜਿੱਤੇ | ਕਾਨਾਗਲਕਸ਼ਮੀ ਨੇ ਸੋਨੇ ਦਾ ਤਮਗਾ ਜਿਤਿਆ | Senior ਮਰਦਾਂ ਦੇ Epee ਮੁਕਾਬਲੇ ਵਿੱਚ ਸਫਲਤਾ ਜਾਰੀ ਰਹੀ, ਜਿੱਥੇ ਰਾਜੇਂਦਰਨ ਸ਼ਾਂਤੀਮੋਲ ਸ਼ੇਰਜਿਨ ਨੇ ਦਿਨ ਦਾ ਦੂਜਾ ਸੋਨ ਦੇ ਤਮਗਾ ਜਿੱਤਿਆ | ਸੀਨੀਅਰ ਮਰਦਾਂ ਦੇ ਸੈਬਰ ਮੁਕਾਬਲੇ ਵਿੱਚ, ਕਰਨ ਸਿੰਘ ਨੇ ਫਾਈਨਲ ਮੁਕਾਬਲੇ ਵਿੱਚ ਭਾਰਤ ਲਈ ਦਿਨ ਦਾ ਤੀਜਾ ਸੋਨ ਤਗਮਾ ਜਿੱਤਿਆ, ਟੀਮ ਦੇ ਸਾਥੀ ਕੁਮਾਰੇਸਨ ਪਦਮ ਗਿਸ਼ੋ ਨਿਧੀ ਨੇ ਨਾਈਜੀਰੀਆ ਦੇ ਅਕੀਨਯੋਸੋਏ ਓਲੂਵਾਫੋਲਾਏਮੀ ਦੇ ਨਾਲ ਕਾਂਸੀ ਦਾ ਤਮਗਾ ਜਿੱਤਿਆ |

---

- ਸੰਸਦ ਦੀਆਂ ਦੋਵਾਂ ਸਭਾਵਾਂ ਨੇ ਅੱਜ ਵਿਦੇਸ਼ੀ ਯੋਗਦਾਨ (ਨੇਮ) ਸੋਧ ਬਿੱਲ, 2026 ਨੂੰ ਹੋਰ ਜਾਂਚ ਲਈ ਸਾਂਝੀ ਸੰਸਦੀ ਕਮੇਟੀ ਨੂੰ ਭੇਜਣ ਲਈ ਆਪਣੀ ਪ੍ਰਵਾਨਗੀ ਦੇ ਦਿੱਤੀ ਏ । ਸੰਸਦ ਵਲੋਂ ਰਾਸ਼ਟਰੀ ਸਹਿਕਾਰੀ ਵਿਕਾਸ ਨਿਗਮ (ਸੋਧ) ਬਿੱਲ, 2026 ਵੀ ਪਾਸ. ਲੋਕ ਸਭਾ ਵਲੋਂ ਖਾਣਾਂ ਅਤੇ ਖਣਿਜ (ਵਿਕਾਸ ਅਤੇ ਨੇਮ੍ਬ੍ਧੀ) ਸੋਧ ਬਿੱਲ, 2026 ਨੂੰ ਮੰਜੂਰੀ ਮਿਲੀ.

- ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ, ਡਾ. ਐਲ. ਮੁਰੂਗਨ ਨੇ ਕਿਹਾ ਏ ਕਿ ਜਾਅਲੀ ਖ਼ਬਰਾਂ ਦਾ ਮੁਕਾਬਲਾ ਕਰਨ ਲਈ ਪ੍ਰੈਸ ਸੂਚਨਾ ਬਿਊਰੋ ਦੀ ਤੱਥ ਜਾਂਚ ਇਕਾਈ ਕਾਇਮ ਕੀਤੀ ਗਈ ਏ ।

- ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਕਿਹਾ ਏ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਪੱਤਰ ਲਿਖ ਕੇ NEET ਪ੍ਰੀਖਿਆ ਪੇਪਰ ਲੀਕ ਨੂੰ ਲੈ ਕੇ ਹੋਏ ਵਿਰੋਧ ਮੁਜ਼ਾਹਰਿਆਂ ਦੌਰਾਨ ਵਾਪਰੀਆਂ ਵੱਖ-ਵੱਖ ਘਟਨਾਵਾਂ 'ਤੇ ਵਿਸਥਾਰਪੂਰਨ ਚਰਚਾ ਲਈ ਤਿਆਰ ਹੋਣ ਨੂੰ ਦੁਹਰਾਇਆ ਏ ।

- ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (CBSE) ਨੇ ਅੱਜ 12ਵੀਂ ਜਮਾਤ ਦੀ ਪੂਰਕ ਪ੍ਰੀਖਿਆ 2026 ਦੇ ਨਤੀਜੇ ਐਲਾਨ ਦਿੱਤੇ ਨੇ।

- ਭਾਰਤੀ ਤਲਵਾਰਬਾਜ਼ੀ ਟੀਮ ਨੇ ਅੱਜ ਰਾਸ਼ਟਰਮੰਡਲ ਚੈਂਪੀਅਨਸ਼ਿਪ ਦੇ ਤੀਜੇ ਦਿਨ ਵੱਖ-ਵੱਖ ਸੀਨੀਅਰ ਵਿਅਕਤੀਗਤ ਮੁਕਾਬਲਿਆਂ ਵਿੱਚ ਸੋਨੇ ਦੇ ਤਿੰਨ , ਚਾਂਦੀ ਅਤੇ ਕਾਂਸੀ ਦਾ ਇਕ - ਇਕ ਤਮਗਾ ਜਿੱਤਿਆ ਏ ।

---

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ,ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ ਸਵੇਰੇ 8 ਵੱਜਕੇ 30 ਮਿੰਟ 'ਤੇ ਨਮਸਕਾਰ !**